# KHALSA PRIMARY SCHOOL

Headteacher: Ms P. K. Sehmi

Volume 6
Issue 14


## Week beginning: 12 January 2015

### Welcome back!

We hope that you have all had a relaxing break. We wish you and your family a Happy New Year from all governors, staff and children at Khalsa Primary School.

### Maths Week

We will be celebrating "Maths Week" starting the **week beginning 12th January**. The focus of our Maths Week is "Maths All Around Us". We have already had some wonderful models in and they look great. Thank you for your support and wonderful creations.

### After School Clubs

After School Clubs have started as normal from 6th January. Please note; children in all clubs will remain the same till the end of July. Mrs Kaur has sent out a text to remind parents of any outstanding payments.

### Admissions

The deadline for Nursery and Reception Admissions 2015/16 is **Thursday 15th January 2015**. Please make sure your applications are in on time to avoid disappointment. **It is important that all current Nursery parents complete an application for Reception. Without this your child will not be considered for a place in the next academic year.** For more information please see Mrs. Kaur (Admissions Officer) in the school office.

### Collecting children & Authorisation

Please note that we cannot accept last minute phone calls to authorise collection of your child to any individual who does not appear on the collection list. **We will not send your child home with anyone who has not been authorised.**

### Change of Contact Details



It is essential the school has up to date information regarding children in case of an emergency. If there are any changes to your home address or contact details please notify the school office immediately. It is a mandatory requirement that you provide the school with the correct details for our records. Any change of details thereafter, it is parent's responsibility to contact the school office to update information.

### Guru Gobind Singh Ji's Prakash Utsav

On Friday 23rd January 2015 we will be celebrating Guru Gobind Singh Ji's Prakash Utsav. The programme with all the details is on display around the school and as follows:



**8.15am - 8.45am**
Refreshments for parents, carers &visitors
Sehaj paath da bhog

**8.45am - 9.20am**
Kirtan by Kirtani Jatha

**9.20am - 9.25am**
Welcome and Introduction by school councillors

**9.30am- 10.00am**
Whole school shabads & contributions by the school children

**10.00am -10.15am**
Anand Sahib, Ardas & Hukamnama

On the day children will be allowed to wear their own clothes. The school will be providing refreshments for parents. If you would like to contribute towards the Gurpurab, please donate maximum £10 to the school office.

*We would like to remind parents to take responsibility for their children before and after school starts. Many children have been seen running around, using their bicycles, playing on playground equipment and the railing in the bike shed. Could you please keep an eye on your child and ask them to stay with you and not use the playground equipment or run/bicycle around. This is for the safety of all children.* ***Please remember that parents/carers are responsible for their children until the start of the school day. Thank you!***

### Thought of the week

***"The new year has arrived and the possibilities are endless."***

### ATTENDANCE



Well done to **Guru Harkrishan Sahib Ji's Class** for achieving best attendance for week ending **09/01/2015.**

### GOLDEN RULES

This week's Golden Rule is **'Working Hard'.**

Children who were awarded for **Caring & Sharing** for week ending **9/01/2015:**







**Year 5:**
Guru Har Krishan Sahib Ji - Tajneet
Guru Har Rai Sahib Ji - Dia

**Year 4:**
Guru Hargobind Sahib Ji - Anshpreet
Guru Arjan Dev Ji - Shamsher

**Year 3:**
Guru Ram Das Ji - Balmeet
Guru Amar Das Ji – Ishween

**Year 2:**
Guru Nanak Dev Ji - Bvneet
Guru Angad Dev Ji - Prabdeep

**Year 1:**
Sahibzada Ajit Singh Ji - Manraj
Sahibzada Jujhar Singh Ji - Sukhchain

**Reception:**
Sahibzada Fateh Singh Ji - Navjot
Sahibzada Zorawar Singh Ji - Harmandeep

### Dates for your diary




| Date | Event |
|---|---|
| **Week beginning 12th January** | **Maths Week** |
| **Thursday 15th January** | **Admissions Deadline** |
| **Friday 16th January** | **Reception - Sahibzade Fateh Singh Ji's (Miss Harrid) Class Assembly** |
| Friday 23rd January - AM | Guru Gobind Singh Ji's Prakash Utsav celebrations - *Special Assembly & Special Lunch* |
| Thursday 29th January | Attendance meeting @2.30pm |
| Friday 6th February | Reception - Sahibzade Zorawar Singh Ji's (Miss Panesar) Class Assembly |
| Monday 16th - Friday 20th February | Half -Term break |

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

## ਹਫ਼ਤੇ ਦਾ ਅਰੰਭ: ੧੨ ਜਨਵਰੀ ੨੦੧੫

ਵਾਲਿਓਮ ੬, ਇਸ਼ੂ ੧੪

### ਵਾਪਸੀ ਮੁਬਾਰਕ!

ਅਸੀਂ ਆਸ ਕਰਦੇ ਹਾਂ ਕਿ ਤੁਹਾਡੀਆਂ ਛੁਟੀਆਂ ਅਨੰਦਦਾਇਕ ਰਹੀਆਂ ਹੋਣਗੀਆਂ।ਅਸੀਂ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਖ਼ਾਲਸਾ ਪ੍ਰਾਇਮਰੀ ਸਕੂਲ ਦੇ ਸਾਰੇ ਗਵਰਨਰ ਸਾਹਿਬਾਨ, ਸਟਾਫ਼ ਅਤੇ ਬਚਿੱਆਂ ਵੱਲੋਂ ਨਵੇਂ ਸਾਲ ਦੀ ਵਧਾਈ ਦਿੰਦੇ ਹਾਂ।

### ਮੈਥਸ ਵੀਕ

ਸਾਡੇ ਸਕੂਲ ਦਾ ਮੈਥਸ ਵੀਕ ਸੋਮਵਾਰ ੧੨ ਜਨਵਰੀ ਤੋਂ ਸ਼ੁਰੂ ਹੁੰਦੇ ਹਫ਼ਤੇ ਤੋਂ ਮਨਾਇਆ ਜਾ ਰਿਹਾ ਹੈ।ਮੈਥਸ ਵੀਕ ਦਾ ਕੇਂਦਰ ਸਾਡੇ ਦੁਆਲੇ ਦਾ ਮੈਥਸ ਭਾਵ ਗਣਿਤ ਹੈ।

### ਸਕੂਲ ਬਾਅਦ ਦੇ ਕਲੱਬ

ਸਕੂਲ ਬਾਅਦ ਦੇ ਕਲੱਬ ਆਮ ਵਾਂਗ ਬੀਤੇ ਸੋਮਵਾਰ ਤੋਂ ਅਰੰਭ ਹੋ ਗਏ ਹਨ।ਕਿਰਪਾ ਕਰਕੇ ਨੋਟ ਕਰਨਾ ਕਿ ਸਾਰੇ ਕਲਬਾਂ ਵਿਚ ਜੁਲਾਈ ਦੇ ਅੰਤ ਤੱਕ ਮੌਜੂਦਾ ਬੱਚੇ ਰਹਿਣਗੇ। ਕਲੱਬਾਂ ਦੇ ਬਕਾਇਆ ਧਨ ਬਾਰੇ ਬੀਬਾ ਕੌਰ ਟੈਕਸਟ ਸੁਨੇਹੇ ਰਾਹੀਂ ਮਾਪਿਆਂ ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ ਯਾਦ ਕਰਵਾ ਚੁੱਕੇ ਹਨ।

### ਦਾਖ਼ਲੇ

ਨਰਸਰੀ ਅਤੇ ਰਿਸੈਪਸ਼ਨ ਜਮਾਤਾਂ ਵਿਚ ੨੦੧੫/੧੬ ਵਿਚ ਦਾਖ਼ਲਿਆਂ ਦੀ ਆਖ਼ਰੀ ਤਾਰੀਖ਼ ਵੀਰਵਾਰ ੧੫ ਜਨਵਰੀ ੨੦੧੫ ਹੈ।ਨਿਰਾਸ਼ਾ ਤੋਂ ਬਚਣ ਲਈ ਕਿਰਪਾ ਕਰਕੇ ਸਮੇਂ ਸਿਰ ਅਰਜ਼ੀਆਂ ਪੁਜਦੀਆਂ ਕਰਨਾ ਜੀ।ਇਹ ਲਾਜ਼ਮੀ ਹੈ ਕਿ ਮੌਜੂਦਾ ਨਰਸਰੀ ਦੇ ਬਚਿੱਆਂ ਦੇ ਮਾਪੇ ਰਿਸੈਪਸ਼ਨ ਜਮਾਤ ਦੇ ਦਾਖ਼ਲੇ ਲਈ ਨਵਾਂ ਫਾਰਮ ਜ਼ਰੂਰ ਭਰ ਕੇ ਪੂਰਾ ਕਰਨ।ਇਸ ਤੋਂ ਬਿਨਾਂ ਅਗਲੇ ਅਕਾਦਮਿਕ ਸਾਲ ਲਈ ਆਪ ਦੇ ਬੱਚੇ/ਬੱਚੀ ਬਾਰੇ ਵਿਚਾਰ ਨਹੀਂ ਕੀਤਾ ਜਾਵੇਗਾ।

ਵਧੇਰੇ ਜਾਣਕਾਰੀ ਲਈ ਦਫ਼ਤਰ ਵਿਚ ਬੀਬਾ ਕੌਰ( ਦਾਖ਼ਲਾ ਅਫ਼ਸਰ ) ਨਾਲ ਸੰਪਰਕ ਕਰੋ ਜੀ।

### ਬਚਿੱਆਂ ਨੂੰ ਘਰ ਲਿਜਾਣਾ ਅਤੇ ਅਥਾਰਿਟੀ ਦੇਣਾ

ਕਿਰਪਾ ਕਰਕੇ ਨੋਟ ਕਰਨਾ ਕਿ ਅਸੀਂ ਐਨ ਛੁੱਟੀ ਦੇ ਸਮੇਂ ਫੋਨ ਕਾਲ ਦੇ ਆਧਾਰ ਤੇ ਤੁਹਾਡੇ ਬੱਚੇ ਨੂੰ ਕਿਸੇ ਅਜਿਹੇ ਵਿਅਕਤੀ ਦੇ ਨਾਲ ਨਹੀਂ ਭੇਜਾਂਗੇ ਜਿਸ ਦਾ ਨਾਮ ਬੱਚੇ ਨੂੰ ਲਿਜਾਣ ਵਾਲੀ ਲਿਸਟ ਤੇ ਪਹਿਲਾਂ ਨਾ ਹੋਵੇ।**ਜਿਸ ਵਿਅਕਤੀ ਨੂੰ ਅਥਾਰਿਟੀ ਪਹਿਲਾਂ ਨਾ ਦਿੱਤੀ ਗਈ ਹੋਵੇ ਉਸ ਨਾਲ ਅਸੀਂ ਤੁਹਾਡੇ ਬੱਚੇ ਨੂੰ ਘਰ ਨਹੀਂ ਭੇਜਾਂਗੇ।**

### ਸੰਪਰਕ ਅਤੇ ਸਿਰਨਾਵੇਂ ਵਿਚ ਤਬਦੀਲੀ



ਸਕੂਲ ਲਈ ਹਰ ਬੱਚੇ ਦੀ ਤਾਜ਼ਾ ਸੰਪਰਕ ਜਾਣਕਾਰੀ ਕਾਇਮ ਰਖਣੀ ਲਾਜ਼ਮੀ ਹੈ ਤਾਂ ਜੋ ਸੰਕਟ ਦੀ ਸਥਿਤੀ ਵਿਚ ਲੋੜ ਪੈਣ ਤੇ ਸੰਪਰਕ ਕੀਤਾ ਜਾ ਸਕੇ।ਜੇਕਰ ਤੁਹਾਡੇ ਸਿਰਨਾਵੇਂ ਜਾਂ ਸੰਪਰਕ ਵਿਸਥਾਰ ਵਿਚ ਕੋਈ ਤਬਦੀਲੀ ਆਈ ਹੈ ਤਾਂ ਕਿਰਪਾ ਕਰਕੇ ਸਕੂਲ ਦਫ਼ਤਰ ਨੂੰ ਝੱਟ ਹੀ ਸੂਚਿਤ ਕਰੋ ਜੀ। ਇਹ ਲਾਜ਼ਮੀ ਹੈ ਕਿ ਆਪ ਜੀ ਸਕੂਲ ਦਫ਼ਤਰ ਨੂੰ ਸਿਰਨਾਵੇਂ ਜਾਂ ਸੰਪਰਕ ਵਿਸਥਾਰ ਵਿਚ ਆਈ ਤਬਦੀਲੀ ਬਾਰੇ ਰਿਕਾਰਡ ਸਹੀ ਰਖਣ ਹਿੱਤ ਸੂਚਿਤ ਕਰੋ ਜੀ।ਕਿਸੇ ਵੀ ਤਬਦੀਲੀ ਬਾਰੇ ਸਕੂਲ ਨੂੰ ਸੂਚਿਤ ਕਰਨਾ ਮਾਪਿਆਂ ਦੀ ਜ਼ਿੰਮੇਵਾਰੀ ਹੈ।

### ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ

ਅਸੀਂ ਸ਼ੁਕਰਵਾਰ ੨੩ ਜਨਵਰੀ ੨੦੧੫ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਵਾਂਗੇ।ਇਸ ਸੰਬੰਧ ਵਿਚ ਸਾਰੇ ਸਮਾਗਮ ਦਾ ਵਿਸਤਾਰ ਸਕੂਲ ਦੇ ਦੁਆਲੇ ਲਗਾ ਦਿੱਤਾ ਗਿਆ ਹੈ।ਸਮਾਗਮ ਦਾ ਸਮਾਂ ਇਸ ਪ੍ਰਕਾਰ ਹੈ:



੮.੧੫-੮.੪੫
ਮਾਪਿਆਂ, ਮਹਿਮਾਨਾਂ ਅਤੇ ਦੇਖਭਾਲ ਕਰਤਾਵਾਂ ਲਈ ਚਾਹ ਪਾਣੀ
ਸਹਿਜ ਪਾਠ ਦਾ ਭੋਗ

੮.੪੫-੯.੨੦
ਕੀਰਤਨੀ ਜਥੇ ਵਲੋਂ ਕੀਰਤਨ

੯.੨੦-੯.੨੫
ਸਕੂਲ ਕੌਂਸਲਰਜ਼ ਵਲੋਂ ਭੂਮਿਕਾ ਅਤੇ ਜੀ ਆਇਆਂ ਨੂੰ

੯.੩੦-੧੦.੦੦
ਸਮੂਹ ਸਕੂਲ ਵਲੋਂ ਸਬਦ ਗਾਇਣ ਅਤੇ ਸਕੂਲੀ ਬੱਚਿਆਂ ਦਾ ਯੋਗਦਾਨ

੧੦.੦੦-੧੦.੧੫
ਅਨੰਦ ਸਾਹਿਬ, ਅਰਦਾਸ ਅਤੇ ਹੁਕਮਨਾਮਾ

ਇਸ ਵਿਸ਼ੇਸ਼ ਮੌਕੇ ਬਚਿੱਆਂ ਨੂੰ ਆਪਣੇ ਖ਼ਾਸ ਕਪੜੇ ਪਹਿਨਣ ਦੀ ਆਗਿਆ ਹੋਵੇਗੀ।ਸਕੂਲ ਵਲੋਂ ਇਸ ਦਿਨ ਮਾਪਿਆਂ ਲਈ ਚਾਹ ਪਾਣੀ ਹੋਵੇਗਾ।ਜੇਕਰ ਆਪ ਜੀ ਗੁਰਪੁਰਬ ਦੀ ਸੇਵਾ ਵਿਚ ਹਿੱਸਾ ਪਾਉਣਾ ਚਾਹੁੰਦੇ ਹੋ ਤਾਂ ਵੱਧ ਤੋਂ ਵੱਧ ੧੦ ਪਾਊਂਡ ਸਕੂਲ ਦਫ਼ਤਰ ਵਿਚ ਭੇਟਾ ਕਰਨੇ ਜੀ।

ਅਸੀਂ ਮਾਪਿਆਂ ਨੂੰ ਸਕੂਲ ਦੇ ਅਰੰਭ ਹੋਣ ਤੋਂ ਪਹਿਲਾਂ ਅਤੇ ਬਾਅਦ ਦੇ ਸਮੇਂ ਦੌਰਾਨ ਬੱਚਿਆਂ ਦੀ ਜ਼ਿੰਮੇਵਾਰੀ ਲੈਣ ਦੀ ਬੇਨਤੀ ਕਰਦੇ ਹਾਂ।ਕਈ ਬੱਚੇ ਏਧਰ ਓਧਰ ਦੌੜਦੇ,ਆਪਣੇ ਸਾਇਕਲ ਚਲਾਉਂਦੇ, ਖੇਡਾਂ ਦੇ ਸਾਮਾਨ ਨਾਲ ਖੇਡ ਦੇ ਮੈਦਾਨ ਵਿਚ ਖੇਡਦੇ,ਬਾਇਕ ਸ਼ੈਡ ਦੀ ਰੇਲਿੰਗ ਨਾਲ ਖੇਡਦੇ ਵੇਖੇ ਗਏ ਹਨ।ਕਿਰਪਾ ਕਰਕੇ ਬੱਚਿਆਂ ਉੱਤੇ ਨਿਗਾਹ ਰਖਣੀ ਅਤੇ ਉਨ੍ਹਾਂ ਨੂੰ ਖੇਡਾਂ ਦੇ ਸਾਮਾਨ ਨਾਲ ਖੇਡਣੋਂ ਰੋਕ ਕੇ ਅਤੇ ਸਾਇਕਲ ਚਲਾਓਣ ਤੋਂ ਰੋਕ ਕੇ ਆਪਣੇ ਨਾਲ ਸੁਰਖਿਅਤ ਰਖਣਾ ਜੀ। **ਇਹ ਸਾਰੇ ਬੱਚਿਆਂ, ਮਾਪਿਆਂ,ਮਹਿਮਾਨਾਂ ਅਤੇ ਸਟਾਫ਼ ਦੀ ਸੁਰਖਿਆ ਲਈ ਹੈ।**

### ਇਸ ਹਫ਼ਤੇ ਦਾ ਵਿਚਾਰ

**" ਨਵਾਂ ਸਾਲ ਆ ਗਿਆ ਹੈ ਅਤੇ ਸੰਭਾਵਨਾਵਾਂ ਅਸੀਮ ਹਨ। "**

### ਹਾਜ਼ਰੀ



੦੯/੦੧/੧੫ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਹਰਕ੍ਰਿਸ਼ਨ ਸਾਹਿਬ ਜੀ** ਜਮਾਤ ਨੂੰ ਸ਼ਾਬਾਸ਼ ਹੈ।

### ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਵਿਸ਼ੇਸ਼ ਮੌਕਾ |
|---|---|
| ੧੨ ਜਨਵਰੀ ਤੋਂ ਅਰੰਭ ਹੁੰਦਾ ਹਫ਼ਤਾ | ਗਣਿਤ ਹਫ਼ਤਾ |
| ਵੀਰਵਾਰ ੧੫ ਜਨਵਰੀ | ਦਾਖ਼ਲਿਆਂ ਦੀ ਆਖ਼ਰੀ ਤਾਰੀਖ਼ |
| ਸ਼ੁਕਰਵਾਰ ੧੬ ਜਨਵਰੀ | ਮਿਸ ਹੈਰਿਡ ਦੀ ਰਿਸੈਪਸ਼ਨ ਜਮਾਤ- ਸ਼ਾਹਿਬਜ਼ਾਦਾ ਫਤਿਹ ਸਿੰਘ ਜੀ ਦੀ ਜਮਾਤੀ ਸਭਾ |
| ਸ਼ੁਕਰਵਾਰ ੨੩ ਜਨਵਰੀ ਸਵੇਰੇ | ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਮਾਗਮ<br>ਵਿਸ਼ੇਸ਼ ਸਭਾ ਅਤੇ ਵਿਸ਼ੇਸ਼ ਭੋਜਨ |
| ਵੀਰਵਾਰ ੨੯ ਜਨਵਰੀ | ਦੁਪਿਹਰ ੨.੩੦ ਤੇ ਹਾਜ਼ਰੀ ਦੀ ਮੁਲਾਕਾਤ |
| ਸ਼ੁਕਰਵਾਰ ੬ ਫਰਵਰੀ | ਮਿਸ ਪਾਨੇਸਰ ਦੀ ਰਿਸੈਪਸ਼ਨ ਜਮਾਤ- ਸ਼ਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਦੀ ਜਮਾਤੀ ਸਭਾ |
| ਸੋਮਵਾਰ ੧੬-ਸ਼ੁਕਰਵਾਰ ੨੦ ਫਰਵਰੀ | ਹਾਫ ਟਰਮ ਬਰੇਕ |

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਕਿਰਤ ਕਰਨੀ** ਹੈ। ਬੱਚੇ ਜਿਨ੍ਹਾਂ ਨੂੰ ੦੯/੦੧/੨੦੧੫ ਨੂੰ ਸਮਾਪਤ ਹੋਏ ਹਫ਼ਤੇ **ਵੰਡ ਛਕਣਾ** ਲਈ ਸਤਿਕਾਰਤ ਕੀਤਾ ਜਾਂਦਾ ਹੈ:







**ਪੰਜਵੀਂ ਜਮਾਤ:**
ਗੁਰੂ ਹਰਕ੍ਰਿਸ਼ਨ ਸਾਹਿਬ ਜੀ - ਤਾਜਨੀਤ
ਗੁਰੂ ਹਰਰਾਏ ਸਾਹਿਬ ਜੀ - ਦੀਆ

**ਚੌਥੀ ਜਮਾਤ:**
ਗੁਰੂ ਹਰਗੋਬਿੰਦ ਸਾਹਿਬ ਜੀ - ਅੰਸ਼ਪ੍ਰੀਤ
ਗੁਰੂ ਅਰਜਨ ਦੇਵ ਜੀ - ਸ਼ਮਸ਼ੇਰ

**ਤੀਜੀ ਜਮਾਤ:**
ਗੁਰੂ ਰਾਮਦਾਸ ਜੀ - ਬਲਮੀਤ
ਗੁਰੂ ਅਮਰਦਾਸ ਜੀ - ਇਸ਼ਵੀਨ

**ਦੂਜੀ ਜਮਾਤ:**
ਗੁਰੂ ਨਾਨਕ ਦੇਵ ਜੀ - ਬਵਨੀਤ
ਗੁਰੂ ਅੰਗਦ ਦੇਵ ਜੀ - ਪ੍ਰਭਦੀਪ

**ਪਹਿਲੀ ਜਮਾਤ:**
ਸ਼ਾਹਿਬਜ਼ਾਦਾ ਅਜੀਤ ਸਿੰਘ ਜੀ - ਮਨਰਾਜ
ਸ਼ਾਹਿਬਜ਼ਾਦਾ ਜੁਝਾਰ ਸਿੰਘ ਜੀ -ਸੁਖਚੈਨ

**ਰਿਸੈਪਸ਼ਨ**
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ - ਨਵਜੋਤ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ - ਹਰਮਨਦੀਪ

**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk